

# PUNJABI SECTION
# ਪੰਜਾਬੀ ਸੈਕਸ਼ਨ

# ਇੱਕ ਨੰਨਹ੍ਹੀ ਪਰੀ

ਇਹ ਕਹਾਣੀ ਹੈ ਇੱਕ ਨੰਨਹ੍ਹੀ ਪਰੀ ਦੀ। ਅੱਜ ਨੰਨਹ੍ਹੀ ਪਰੀ ਬਹੁਤ ਖੁਸ਼ ਸੀ। ਨੰਨਹ੍ਹੀ ਪਰੀ ਖੁਸ਼ੀ-ਖੁਸ਼ੀ ਰੱਬ ਕੋਲ ਗਈ ਤੇ ਬੋਲੀ "ਰੱਬ ਜੀ ਤੁਹਾਨੰ ਅੱਜ ਦੀ ਤਾਰੀਖ਼ ਯਾਦ ਹੈ.....?" "

ਹਾਂ ਪੁੱਤਰ ਕਿੱਦਾਂ ਭੁੱਲ ਸਕਦਾ ਮੈਂ, ਅੱਜ ਤੂੰ ਧਰਤੀ ਤੇ ਜਾ ਕੇ ਜਨਮ ਲਵੇਂਗੀ ਇਸ ਬਾਰੇ ਹੀ ਗੱਲ ਕਰ ਰਹੀ ਐ ਨਾ ਪੱਤੁਰ.."

"ਹਾਂ ਜੀ ਹਾਂ ਜੀ ਰੱਬ ਜੀ." "ਆ ਬੈਠ ਪੁੱਤਰ ਤੈਨੂੰ ਕੁਝ ਧਰਤੀ ਬਾਰੇ ਦੱਸ ਦੇਵਾਂ । ਤੇਰਾ ਅੱਸੀ ਸਾਲ ਦਾ ਸਫਰ ਹੈ ਜ਼ਿੰਦਗੀ ਦਾ। ਉਹ ਦੇਖ ਗੁਰਦੁਆਰੇ 'ਚ ਇਕ ਆਦਮੀ ਤੇ ਔਰਤ ਦੇਖ ਰਹੀ ਹੈ ਨਾ, ਉਹ ਤੇਰੇ ਮਾਤਾ-ਪਿਤਾ ਨੇ.." ... "ਸੱਚੀ ਰੱਬ ਜੀ! ਉਹ ਮੇਰੇ ਮੰਮੀ - ਡੈਡੀ ਨੇ, ਕਿੰਨੇ ਚੰਗੇ ਨੇ ਉਹ, ਗੁਰਦੁਆਰਾ ਸਾਹਿਬ ਵੀ ਜਾਂਦੇ ਨੇ.. ਮੈਂ ਵੀ ਨਾਲ ਜਾਇਆ ਕਰੂੰ । ਜਲਦੀ-ਜਲਦੀ ਭੇਜੋ ਮੈਨੂੰ ਉਹਨਾਂ ਕੋਲ.."

"ਪੁੱਤਰ ਜੀ ਪਰ ਤੁਹਾਡੇ ਮੰਮੀ-ਡੈਡੀ ਬਹੁਤ ਗਰੀਬ ਨੇ.."

"ਕੋਈ ਗੱਲ ਨੀ ਰੱਬ ਜੀ ਬਸ ਮੈਨੂੰ ਅਸ਼ੀਰਵਾਦ ਦੇਵੋ। ਮੈਂ ਪੜਹ੍ਹ - ਲਿਖ ਕੇ ਆਪਣੇ ਪੈਰਾਂ ਤੇ ਖੜੀ ਹੋ ਆਪਣੇ ਮਾਤਾ-ਪਿਤਾ ਨੂੰ ਵੀ ਅਮੀਰ ਕਰ ਦੇਵਾਂਗੀ, ਉਹਨਾਂ ਦੀ ਹਰ ਇੱਛਾ ਪੂਰੀ ਕਰ ਦੇਵਾਂਗੀ.."

"ਸ਼ਾਬਾਸ਼! ਚਲ ਠੀਕ ਐ ਪੁੱਤਰ.. ਮੈਂ ਤੈਨੂੰ ਹੁਣ ਧਰਤੀ 'ਤੇ ਭੇਜ ਰਿਹਾ ਹਾਂ ਪਰ ਤੈਨੂੰ ਧਰਤੀ 'ਤੇ ਜਨਮ ਲੈਣ ਤੋਂ ਪਹਿਲਾਂ ਨੌਂ ਮਹੀਨੇ ਆਪਣੀ ਮਾਂ ਦੀ ਕੁੱਖ 'ਚ ਰਹਿਣਾ ਪੈਣਾ। ਉਸ ਤੋਂ ਬਾਅਦ ਬਾਹਰੀ ਦੁਨੀਆਂ 'ਚ ਆਵੇਂਗੀ.."

"ਰੱਬ ਜੀ ਮੈਨੂੰ ਮੇਰੇ ਮਾਪਿਆਂ ਕੋਲ ਭੇਜ ਦੇਵੋ ਬੱਸ। ੯ ਮਹੀਨਿਆਂ ਦੀ ਕੋਈ ਪਰਵਾਹ ਨਹੀ.. " ਰੱਬ ਨੇ ਨੰਨਹ੍ਹੀ ਪਰੀ ਨੂੰ ਉਸਦੀ ਮਾਂ ਦੀ ਕੁੱਖ 'ਚ ਭੇਜ ਦਿੱਤਾ । ਨੰਨਹ੍ਹੀ ਪਰੀ ਹੁਣ ਬਹੁਤ ਖੁਸ਼ ਸੀ। ਹੁਣ ਨੰਨਹ੍ਹੀ ਪਰੀ ੯ ਮਹੀਨੇ ਪੂਰੇ ਹੋਣ ਦੀ ਉਡੀਕ ਕਰਨ ਲੱਗੀ। ਕੋਈ ਚਾਰ ਕੁ ਮਹੀਨੇ ਬਾਅਦ ਨੰਨਹ੍ਹੀ ਪਰੀ ਰੱਬ ਕੋਲ ਰੋਂਦੀ ਹੋਈ ਵਾਪਸ ਆ ਗਈ। ਰੱਬ ਨੰਨਹ੍ਹੀ ਪਰੀ ਨੂੰ ਇੰਝ ਰੋਂਦੇ ਵੇਖ ਪੁੱਛਿਆ : ਕੀ ਹੋਇਆ ਪੁੱਤਰ? ਤੂੰ ਤਾਂ ਅੱਸੀ ਸਾਲ ਬਾਅਦ ਮੇਰੇ ਕੋਲ ਆਉਣਾ ਸੀ?"

"ਪਤਾ ਨਹੀ ਰੱਬ ਜੀ ਮੈਨੰ ਵੀ ... ਮੈਂ ਤਾਂ ਆਪਣੀ ਮਾਂ ਦੀ ਕੁੱਖ 'ਚ ਸੁੱਤੀ ਪਈ ਸੀ। ਇਕ ਦਮ ਲੋਹੇ ਦੀਆਂ ਤਲਵਾਰਾਂ ਵਰਗੀਆਂ ਚੀਜ਼ਾਂ ਨੇ ਆ ਮੈਨੂੰ ਕੱਟਣਾ ਸ਼ੁਰੂ ਕਰ ਦਿੱਤਾ ਮੇਰੇ ਬਹੁਤ ਦਰਦ ਹੋ ਰਿਹਾ ਸੀ ਮੈਂ ਬਹੁਤ ਰੌਲਾ ਵੀ ਪਾਇਆ ਪਰ ਉਹ ਤਲਵਾਰਾਂ ਚਲਦੀਆਂ ਰਹੀਆਂ, ਅੰਤ ਟੋਟੇ-ਟੋਟੇ ਕਰ ਇਕ ਔਰਤ ਨੇ ਮੈਨੂੰ ਮੇਰੀ ਮਾਂ ਦੇ ਢਿੱਡ ਚੋਂ ਬਾਹਰ ਕੱਢ ਇਕ ਗੰਦੇ ਨਾਲੇ 'ਚ ਸੁੱਟ ਦਿੱਤਾ ਫਿਰ ਰੱਬ ਜੀ ਮੈਂ ਕਿਵੇਂ ਤੁਹਾਡੇ ਕੋਲ ਪੱਜੀ ਮੈਨੂੰ ਇਸ ਬਾਰੇ ਪਤਾ ਨਹੀ.." ਰੋਂਦੀ ਹੋਈ ਨੰਨਹ੍ਹੀ ਪਰੀ ਨੇ ਬੜੀ ਮਾਸੂਮੀਅਤ ਨਾਲ ਰੱਬ ਨੂੰ ਜਵਾਬ ਦਿੱਤਾ । ਰੱਬ ਸਾਰੀ ਗੱਲ ਸਮਝ ਗਏ ਪਰ ਨੰਨਹ੍ਹੀ ਪਰੀ ਨੂੰ ਅਸਲੀਅਤ ਬਾਰੇ ਕੁਝ ਨਾ ਦੱਸਿਆ । ਰੱਬ ਨੰਨਹ੍ਹੀ ਪਰੀ ਨੂੰ ਚੁੱਪ ਕਰਾਉਂਦੇ ਹੋਏ ਬੋਲੇ "ਪੁੱਤਰ ਕੋਈ ਗੱਲ ਨੀ ਮੈਂ ਤੈਨੂੰ ਕਿਸੇ ਹੋਰ ਮਾਤਾ-ਪਿਤਾ ਕੋਲ ਭੇਜ ਦਿੰਨਾ.."

"ਨਹੀ - ਨਹੀ ਰੱਬ ਜੀ, ਮੈਨੂੰ ਦੁਬਾਰਾ ਉਸੇ ਮੰਮੀ - ਡਡੈੀ ਕੋਲ ਭੇਜੋ...ਮੈਂ ਨਹੀਂ ਹੋਰ ਮੰਮੀ - ਡੈਡੀ ਕੋਲ ਜਾਣਾ।"

"ਕਿਉਂ ਪੁੱਤਰ? ਉਹਨਾਂ ਨਾਲੋਂ ਵੀ ਵਧੀਆ ਮੰਮੀ - ਡੈਡੀ ਕੋਲ ਭੇਜਾਂਗਾ ਤੈਨੂੰ" "ਰੱਬ ਜੀ ਆਹ ਗੱਲ ਨਹੀਂ। ਮੇਰੇ ਉਹ ਮੰਮੀ - ਡੈਡੀ ਬਹੁਤ ਗਰੀਬ ਸਨ ਮੈਂ ਆਪਣੇ-ਆਪ ਨਾਲ ਵਾਅਦਾ ਕੀਤਾ ਸੀ ਕਿ ਉਹਨਾਂ ਨੂੰ ਅਮੀਰ ਬਣਾ ਉਹਨਾਂ . ਨੂੰ ਹਰ ਖੁਸ਼ੀ ਦੇਵਾਂਗੀ। ਉਹ ਮੇਰੇ ਬਿਨਾਂ ਗਰੀਬ ਹੀ ਰਹਿ ਜਾਣਗੇ।"

ਰੱਬ ਦੀਆਂ ਅੱਖਾਂ 'ਚ ਆਹ ਗੱਲ ਸੁਣ ਅੱਥਰੂ ਆ ਗਏ ਸਨ ਰੱਬ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਇਸ ਮਾਸੂਮ ਨੰਨਹ੍ਹੀ ਪਰੀ ਨੂੰ ਕਿੰਝ ਸਮਝਾਉਣ ਕਿ ਉਸਦੇ ਅਸਲੀ ਕਾਤਿਲ ਕੌਣ ਸਨ?

**Chandni Singla**
*CDE/20*

# ਮੇਰਾ ਪੰਜਾਬ, ਮੇਰਾ ਦੇਸ਼...

ਮਨੁੱਖਤਾ ਦਿਲ ਚੋਂ ਕਦੇ ਨਾ ਮੁੱਕੇ,
ਆਵਣ - ਜਾਵਣ ਦੁੱਖ ਤੇ ਸੁੱਖ ।
ਜਾਤ-ਪਾਤ, ਮਜ਼ਹਬ ਨਾ ਵੇਖਣ,
ਢਿੱਡ ਦੀ ਭੁੱਖ, ਤੇ ਨਿੰਮ ਦਾ ਰੁੱਖ ।

ਵਿਰਸਾ ਆਪਣਾ ਗੁਰੂਆਂ ਦੀ ਬਾਣੀ,
ਨਹੀ ਕੋਈ ਲੋੜ ਵਸੀਤਾਂ ਦੀ।
ਜੀਉਂਦੇ ਜੀ ਅਸੀ ਭੁੱਲ ਨਹੀ ਸਕਦੇ,
ਦੇਣ ਬਜ਼ੁਰਗਾਂ ਦੀ, ਤੇਗ ਸ਼ਹੀਦਾਂ ਦੀ।

ਪੈਸਾ, ਰੁਤਬਾ ਨਾਲ ਨਹੀ ਜਾਣਾ,
ਵੇ ਗੱਲ ਮੰਨ ਇਸ ਲਾਈ-ਲੱਗ ਦੀ।
ਮੇਹਰ ਸਾਈ ਨਾਲ ਰਹੇ ਹਮੇਸ਼ਾ,
ਰਾਵੀ ਵਗਦੀ, ਤੇ ਅਣਖ ਇਸ ਪੱਗ ਦੀ।

ਹਰੇ-ਭਰੇ ਤੇ ਰਹਿਣ ਮਹਿਕਦੇ,
ਆਪਣਾ ਪਿੰਡ, ਤੇ ਆਪਣੇ ਖੇਤ।
ਦੋ ਚੀਜ਼ਾਂ ਤੋਂ ਜਾਨ ਮੈਂ ਵਾਰਾਂ,
ਇੱਕ ਪੰਜਾਬ, ਤੇ ਇੱਕ ਮੇਰਾ ਦੇਸ਼।

**Tejbir Singh**

Lorem ipsum

# ਜ਼ਮੀਰ

ਨਾ ਮਨਜ਼ੂਰ ਜ਼ਮੀਰ ਦੇ ਅੱਗੇ,
ਭਾਵੇਂ ਜਾਂ ਹੋ ਤੀਰ ਦੇ ਅੱਗੇ,
ਖੰਭਾ ਨੇ ਦਮ ਤੋੜ ਦਿੱਤਾ ਏ,
ਪੈਰਾਂ ਦੀ ਜ਼ੰਜੀਰ ਦੇ ਅੱਗੇ,
ਜੋ ਵੀ ਤੇਰੇ ਨਾਲ ਚੱਲੂਗਾ ਆਵਾਂਗਾ ਉਸ ਤੀਰ ਤੇ ਅੱਗੇ,
ਲੱਖ ਨਜ਼ਾਰਾ ਤੇ ਦੀਦਾਰਾਂ,
ਕਮ ਤੇਰੀ ਤਸਵੀਰ ਦੇ ਅੱਗੇ,
ਆਖਰ ਕੀਹਦੀ ਚਲਦੀ ਏ ਫੇਰ,
ਮਾਲਕ ਦੀ ਸ਼ਮਸ਼ੀਰ ਦੇ ਅੱਗੇ।

**Uday Sharma**
**GEC/18**

# ਜ਼ਿੰਦਗੀ

ਜ਼ਿੰਦਗੀ ਹੈ ਇਹ ਬੜੀ ਪਿਆਰੀ
ਕਦੇ ਬੁਰੀ ਤੇ ਕਦੇ ਲਗਦੀ ਪਿਆਰੀ
ਕਦੇ ਖੁਸੀ ਹੈ ਤੇ ਕਦੇ ਦੁੱਖੁ ਹੈ
ਸੁੱਖਾਂ-ਦੁੱਖਾਂ 'ਚ ਇਹ ਲਿੰਘਦੀ ਸਾਰੀ
ਕਦੇ ਮਿਲੇ ਤੇ ਕਦੇ ਵਿਛੜੇ ਕਈ
ਇਹ ਤਾਂ ਫਿਰ ਵੀ ਵਿਚਾਰੀ ਚਲਦੀ ਗਈ
ਕਿਤੇ ਮੰਜ਼ਿਲ ਨਹੀ ਤੇ ਕਿਤੇ ਰਸਤੇ ਨਹੀ
ਫਿਰ ਵੀ ਕਦੇ ਹਿੰਮਤ ਨਹੀ ਹਾਰੀ
ਕਦੇ ਪਿਆਰ ਤੇ ਕਦੇ ਮੇਲ ਮਿਲਾਪ ਹੈ
ਕਦੇ ਰੋਸੇ ਤਨਹਾਈਆਂ ਨੇ ਮਾਰੀ
ਕਿਸੇ ਨੂੰ ਰੱਬ ਦੀ ਯਾਦ ਨਹੀ
ਕਿਸੇ ਨੇ ਗਮਾਂ ਵਿਚ ਗੁਜ਼ਾਰੀ
ਇਹ ਜ਼ਿੰਦਗੀ ਹੈ ਬੜੀ ਪਿਆਰੀ
ਕਦੇ ਬੁਰੀ ਤੇ ਕਦੇ ਲਗਦੀ ਪਿਆਰੀ ।

# ਇੱਕ ਖ਼ੁਆਬ

ਤੂੰ ਜਾਵੇ ਤਾਂ ਹਵਾ ਵੀ ਤੇਰੇ ਨਾਲ ਜਾਂਦੀ ਏ,
ਤੂੰ ਰੋਵੇਂ ਤਾਂ ਰੂਹ ਮੇਰੀ ਵੀ ਨਾਲ ਰੋਂਦੀ ਏ,
ਮਿਲੇਂਗੀ ਸਾਨੂੰ ਕਿਸੇ ਦਿਨ ਇਹ ਤੂੰ ਵਾਦਾ ਕੀਤਾ ਸੀ,
ਮਰ ਗਿਆ ਜਿਸਮ ਮੇਰਾ ਤੇਰੀ ਯਾਦ ਵਿੱਚ
ਪਰ ਰੂਹ ਮੇਰੀ ਅੱਜ ਵੀ ਜਿਉਂਦੀ ਏ ।

ਤੂੰ ਮਿਲੀ ਸਾਨੂੰ ਜ਼ਿੰਦਗੀ ਦਾ ਮਤਲਬ ਮਿਲਿਆ ਸੀ,
ਏ ਮਰੀ ਹੋਈ ਜ਼ਿੰਦਗੀ ਚ ਫੁੱਲਾਂ ਦਾ ਬਾਗ ਖਿੜਿਆ ਸੀ,
ਹੋਇਆ ਸੀ ਇਹਸਾਸ ਮੈਨੂੰ ਇਸ ਦੁਖੀ ਜ਼ਿੰਦਗੀ ਵਿੱਚ ਖੁਸ਼ੀ ਦਾ,
ਹੁਣ ਲਗਦਾ ਨੀ ਰਹਿ ਗਿਆ ਕੋਈ ਖ਼ੁਆਬ ਅਧੂਰੀ ਜ਼ਿੰਦਗੀ ਮੇਰੀ ਦਾ ।

ਪੂਰੇ ਹੁੰਦੇ ਖ਼ੁਆਬ ਕਈਆਂ ਦੇ,
ਕਈਆਂ ਦੇ ਟੁੱਟਦੇ ਵੇਖੇ ਮੈਂ,
ਕਈ ਰੱਖਦੇ ਨੇ ਉਮੀਦਾਂ ਉਸ ਰੱਬ ਤੇ,
ਕਈ ਜਿੰਦਾਂ ਮੁਰਦੇ ਵੇਖੇ ਮੈਂ।

ਮੈਂ ਰੱਬ ਨੂੰ ਵੇਖਿਆ ਡਰ ਗਿਆ ਸੀ,
ਇਕ ਖ਼ੁਆਬ ਅਧੂਰਾ ਮਰ ਗਿਆ ਸੀ,
ਮੈਨੂੰ ਲੱਗਿਆ ਸੀ ਮੈਨੂੰ ਇਸ਼ਕ ਹੋਇਆ
ਪਰ ਹੁਣ ਲੱਗਦਾ ਮੈਂ ਦੇਰ ਕਰ ਗਿਆ ਸੀ।
ਤੈਨੂੰ ਕਿੰਨੀ ਵਾਰ ਦੱਸਿਆ ਏ,
ਮੈਨੂੰ ਏਦਾਂ ਇਕੱਲਾ ਛੱਡੀ ਨਾ,
ਹੁਣ ਜੀਣਾ ਔਖਾ ਤੇਰੇ ਬਿਨ,
ਮੈਨੂੰ ਦਿੱਲ ਆਪਣੇ ਚੋਂ ਕੱਢੀ ਨਾ,
ਮੈਨੂੰ ਦਿਲ ਆਪਣੇ ਚੋਂ ਕੱਢੀ ਨਾ ।

**Abhishek Jain**
*CDE/20*

# ਦੌਰ

ਇਹ ਕਿਹੋ ਕਿਹਾ ਦੌਰ ਹੈ ਆਇਆ ।
ਇੱਕ ਬਿਮਾਰੀ ਨੇ ਚਾਰੇ ਪਾਸੇ,
ਸ਼ੋਰ ਹੈ ਮਚਾਇਆ ।
ਰੱਬ ਨੇ ਇਨਸਾਨ ਤੋਂ,
ਮੂੰਹ ਹੈ ਫੇਰਿਆ ।
ਕਿਤੇ ਨਾ ਕਿਤੇ ਇਨਸਾਨ ਦੇ ਹੀ,
ਕਰਮਾਂ ਦਾ ਫਲ ਹੈ।
ਜੋ ਲੱਭ ਨਹੀ ਰਿਹਾ,
ਇਸ ਦਾ ਹੱਲ ਹੈ।

ਇਹ ਕਿਹੋ ਜਿਹਾ ਦੌਰ ਹੈ ਆਇਆ।
ਇੰਝ ਲਗਦਾ ਜਿਵੇਂ ਜ਼ਿੰਦਗੀ ਹੋਵੇ, ਇੱਕ
ਪਿੰਜਰੇ ਵਿੱਚ ਬੰਦ,
ਨਾ ਧੁੱਪ ਲੱਗੇ, ਨਾ ਠੰਢ।
ਨਾ ਸੁਣੇ ਬੱਚਿਆਂ ਦਾ ਖੇਡਣਾ,
ਨਾ ਹੀ ਵੱਡਿਆਂ ਦੀਆਂ ਸਿਆਣਪਾਂ।

ਇਹ ਕਿਹੋ ਜਿਹਾ ਦੌਰ ਹੈ ਆਇਆ,
ਜੋ ਆਪਣਾ ਅੰਤ ਨਾਲ ਨਹੀ ਲਿਆਇਆ।
ਇਹ ਕਿਹੋ ਜਿਹਾ ਦੌਰ ਹੈ ਆਇਆ।
ਇਹ ਕਿਹੋ ਜਿਹਾ ਦੌਰ ਹੈ ਆਇਆ।

**Kashish**
*GCS/20*